ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਵੱਧ ਤੋਂ ਵੱਧ ਮੈਂਬਰ ਬਣਨ ਦੀ ਸਿੱਖ ਸੰਗਤਾਂ ਨੂੰ ਅਪੀਲ



ਗੁਰਮੇਲ ਸਿੰਘ ਮੱਲ੍ਹੀ



ਦੀਦਾਰ ਸਿੰਘ ਰੰਧਾਵਾਂ

ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ ਮੈਂਬਰਸ਼ਿਪ ਖੁੱਲ੍ਹ ਚੁੱਕੀ ਹੈ। ਜੋ 4 ਅਗਸਤ ਤੱਕ ਜਾਰੀ ਰਹੇਗੀ। ਅਸੀਂ ਸਮੂਹ ਸਿੱਖ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਕਰਦੇ ਹਾਂ ਕਿ ਸਿੱਖ ਸੰਗਤਾਂ ਵੱਧ ਤੋਂ ਵੱਧ ਸਭਾ ਦੀਆਂ ਮੈਂਬਰ ਬਣਨ ਤਾਂ ਕਿ ਸਭਾ ਦਾ ਪ੍ਰਬੰਧ ਅਜੇਹੇ ਲੋਕਾਂ ਦੇ ਹੱਥ ਵਿੱਚ ਰਹੇ ਜੋ ਸਿੱਖੀ ਸਿਧਾਂਤਾਂ ਅਨੁਸਾਰ ਸਭਾ ਨੂੰ ਤਰੱਕੀ ਦੀਆਂ ਮੰਝਲਾਂ ਤੱਕ ਲਿਜਾ ਰਹੀ ਹੈ। ਲੰਬੇਂ ਸੰਘਰਸ਼ ਤੋਂ ਬਾਅਦ ਸਭਾ ਦੇ ਪ੍ਰਬੰਧ ਵਿੱਚ ਆਪ ਸਿੱਖ ਸੰਗਤਾਂ ਦੇ ਭਰਪੂਰ ਸਹਿਯੋਗ ਸਦਕਾ ਤਬਦੀਲੀ ਲਿਆਂਦੀ ਗਈ ਸੀ । ਵਰ੍ਹੇ 2008 ਤੋਂ ਵਰ੍ਹੇ 2010 ਤੱਕ ਕਮੇਟੀ ਨੇ ਜੋ ਕਾਰਗੁਜ਼ਾਰੀ ਕੀਤੀ ਉਸ ਦਾ ਸੰਖੇਪ ਜਿਹਾ ਵੇਰਵਾ ਇਸ ਪ੍ਰਕਾਰ ਹੈ :-

1) ਚੋਣ ਮੈਨੀਫੈਸਟੋ ਵਿੱਚ ਕੀਤੇ ਵਾਅਦੇ ਅਨੁਸਾਰ ਵਿਆਹ ਦੀ ਭੇਟਾ 1000 ਪੌਂਡ ਤੋਂ ਘਟਾ ਕੇ 251 ਪੌਂਡ ਕੀਤੀ ਗਈ। ਅਖੰਡ ਪਾਠ ਦੀ ਭੇਟਾ 625 ਤੋਂ ਘਟਾ ਕੇ 505 ਪੌਂਡ ਅਤੇ ਅੰਤਮ ਅਰਦਾਸ ਮੌਕੇ ਲੰਗਰ ਦੀ ਸੇਵਾ ਭੇਟਾ ਰਹਿਤ ਜਾਂ ਜੇ ਕੋਈ ਪ੍ਰੀਵਾਰ ਸ਼ਰਧਾ ਅਨੁਸਾਰ ਭੇਟਾ ਕਰਨਾ ਚਾਹੁੰਦਾ ਹੋਵੇ ਤਾਂ ਕਰ ਸਕਦਾ ਹੈ।

2) ਜਨਰਲ ਬਾਡੀ ਦੀਆਂ ਮੀਟਿੰਗਾਂ ਮੁੜ ਗੁਰਦੁਆਰਾ ਪਾਰਕ ਐਵੇਨਿਊ ਸਾਹਿਬ ਵਿਖੇ ਕੀਤੀਆਂ ਗਈਆਂ ਅਤੇ ਪ੍ਰਾਈਵੇਟ ਸਕਿਊਰਿਟੀ ਦਾ ਖ਼ਰਚਾ ਘਟਾਇਆ ਗਿਆ। ਸਭ ਮੀਟਿੰਗਾਂ ਸ਼ਾਂਤ ਮਈ ਢੰਗ ਨਾਲ ਹੋਈਆਂ ਅਤੇ ਸਭ ਧਿਰਾਂ ਨੂੰ ਬੋਲਣ ਦਾ ਮੌਕਾ ਦਿੱਤਾ ਗਿਆ।

3) ਸਕੂਲ ਦਾ ਪ੍ਰਾਜੈਕਟ 13 ਮੀਲੀਅਨ ਤੋਂ ਘਟਾ ਕੇ 9 ਮੀਲੀਅਨ 3 ਲੱਖ ਕੀਤਾ ਗਿਆ ਜਿਸ ਵਿੱਚ ਸਕੂਲ ਅੰਦਰ ਗੁਰਦੁਆਰਾ ਲਈ ਵੱਡਾ ਹਾਲ ਅਤੇ ਬਾਕੀ ਚੀਜ਼ਾਂ ਵਿੱਚ ਵੀ ਅਹਿਮ ਵਾਧੂ ਚੀਜ਼ਾਂ ਬਣਾਈਆ ਗਈਆਂ। ਸਕੂਲ ਸਤੰਬਰ ਵਿੱਚ ਨਵੀਂ ਇਮਾਰਤ ਵਿੱਚ ਸ਼ੁਰੂ ਹੋਵੇਗਾ, ਮਿਥੇ ਸਮੇਂ ਸਕੂਲ ਦੀ ਇਮਾਰਤ ਮੁਕੰਮਲ ਹੋਵੇਗੀ।

4) ਵਿਧਾਨ ਵਿੱਚ ਸੋਧ ਕਰਕੇ ਟਰਮ ਤਿੰਨ ਸਾਲਾਂ ਲਈ ਕੀਤੀ ਗਈ, ਪ੍ਰਧਾਨ, ਜਨਰਲ ਸਕੱਤਰ ਦੋ ਟਰਮਾਂ ਤੋਂ ਵੱਧ ਲਗਾਤਾਰ ਬਣੇ ਨਹੀਂ ਰਹਿ ਸਕਦੇ, ਬਲਕਿ ਉਹਨਾਂ ਨੂੰ ਚੋਣ ਲੜਨ ਦਾ ਹੱਕ ਵੀ ਨਹੀਂ ਹੈ। ਹਰ ਕਮੇਟੀ ਨੂੰ ਚੋਣਾਂ ਤੋਂ ਪਹਿਲਾਂ ਸਾਰਾ ਹਿਸਾਬ ਟਰੱਸਟ ਨੂੰ ਦੇਣਾ ਲਾਜ਼ਮੀ ਕੀਤਾ ਤਾਂ ਕਿ ਆਉਣ ਵਾਲੀ ਕਮੇਟੀ ਨੂੰ ਸਾਡੇ ਵਾਂਗ ਖੱਲਜ਼ ਖੁਆਰੀ ਨਾ ਹੋਵੇ।

5) ਹੈਵਲਾਕ ਰੋਡ 'ਤੇ 200 ਤੋਂ ਵੱਧ ਬੱਚੇ ਗੁਰਮਿਤ ਦੀਆ ਕਲਾਸਾਂ ਲਗਾਉਂਦੇ ਹਨ। ਪਾਰਕ ਐਵੇਨਿਊ ਵਿਖੇ ਕੀਰਤਨ ਅਤੇ ਸੰਥਿਆ ਦੀਆ ਕਲਾਸਾਂ ਚੱਲਦੀਆਂ ਹਨ।

6) ਚੋਣਾਂ ਤੋਂ ਪਹਿਲਾਂ ਨਿਰਪੱਖ ਚੋਣ ਕਮੇਟੀ ਬਣਾਈ ਗਈ ਹੈ, ਹਰ ਧਿਰ ਦੇ ਵਿਧਾਨ ਅਨੁਸ-ਾਰ ਤਿੰਨ ਤਿੰਨ ਮੈਂਬਰ ਲਏ ਗਏ ਹਨ, ਅਤੇ ਮੈਂਬਰਸ਼ਿਪ ਅਤੇ ਚੋਣ ਮੌਕੇ ਪ੍ਰਬੰਧਕ ਕਮੇਟੀ ਦੀ ਕੋਈ ਦਖ਼ਲ ਅੰਦਾਜ਼ੀ ਨਹੀਂ ਹੋਵੇਗੀ।

7) ਵਿਦਿਆਰਥੀ ਵੀਜ਼ੇ ਤੇ ਆਏ ਬੱਚਿਆਂ ਦੀ ਮਦਦ ਕੀਤੀ ਗਈ ਖਾਸ ਤੌਰ ਤੇ ਬੱਚੀਆਂ ਦੀ, ਫੋਜ ਵਿੱਚ ਭਰਤੀ ਲਈ ਮਹੀਨੇ ਵਿੱਚ ਦੋ ਵਾਰ ਪ੍ਰਬੰਧ ਕੀਤਾ ਗਿਆ, ਡੁਬਈ ਵਿਖੇ 17 ਪੰਜਾਬੀਆਂ ਨੂੰ ਮਿਲੀ ਮੌਤ ਦੀ ਸਜਾ ਤੁੜਵਾਉਣ ਲਈ ਸਿੰਘ ਸਭਾਂ ਵੱਲੋਂ ਅਹਿਮ ਰੋਲ ਨਿਭਾਇਆ ਗਿਆ। ਕ੍ਰਿਪਾਨ ਅਤੇ ਦਸਤਾਰ ਦੇ ਮੁੱਦੇ 'ਤੇ, ਸਰਕਾਰ ਨਾਲ ਰਾਬਤੇ ਕਾਇਮ ਕੀਤੇ ਅਤੇ ਮੀਟਿੰਗਾਂ ਵਿੱਚ ਆਪਣੇ ਨੁਮਾਇੰਦੇ ਭੇਜੇ ਗਏ ।

8) ਪੰਥਕ ਕਾਰਜ਼ਾ ਲਈ ਵੀ ਸਭਾ ਨੇ ਅਹਿਮ ਰੋਲ ਅਦਾ ਕੀਤਾ, ਇੰਗਲੈਂਡ ਦੀਆ ਸਮੁੱਚੀਆਂ ਜੱਥੇਬੰਦੀਆਂ ਨੂੰ ਇੱਕ ਪਲੇਟਫਾਰਮ ਤੇ ਲਿਆ ਖੜ੍ਹਾ ਕਰਨ ਵਿੱਚ ਵੀ ਸਭਾ ਵੱਲੋਂ ਅਹਿਮ ਰੋਲ ਅਦਾ ਕੀਤਾ ਗਿਆ, ਤਾਂ ਕਿ ਕੌਮ ਵਿੱਚ ਏਕਤਾ ਰਹੇ ।

9) ਕੁਝ ਲੋਕਾਂ ਵੱਲੋਂ ਸਾਡੇ ਉੱਪਰ ਦੋਸ਼ ਲਗਾਏ ਗਏ ਕਿ ਕਮੇਟੀ ਟੁੱਟ ਰਹੀ ਹੈ। ਲੜ੍ਹ ਰਹੀ ਹੈ, ਕਮੇਟੀ ਗੁਰਦੁਆਰਾ ਢਾਹ ਦੇਵੇਗੀ, ਮਾਇਆ ਖਾ ਜਾਵੇਗੀ। ਅਸੀਂ ਸੰਗਤਾਂ ਨੂੰ ਦੱਸਣਾ ਚਾਹੁੰਦੇ ਹਾਂ ਕਿ ਕਮੇਟੀ ਵਿੱਚ ਸਭਾ ਦੀ ਬੇਹਤਰੀ ਲਈ ਵਿਚਾਰਾਂ ਕੀਤੀਆਂ ਜਾਂਦੀਆਂ ਸਨ ਜਿਹਨਾਂ ਨੂੰ ਭੁਲੱਕੜ ਵੀਰਾਂ ਨੇ ਲੜ੍ਹਾਈ ਦਾ ਨਾਮ ਦੇ ਦਿੱਤਾ, ਅਸੀਂ ਜੋ ਵੀ ਕੀਤਾ ਸਭਾ ਦੀ ਭਲਾਈ ਲਈ ਕੀਤਾ ਹੈ। ਸੰਗਤਾਂ ਵੱਲੋਂ ਭੇਟ ਕੀਤੇ ਇੱਕ ਇੱਕ ਪੌਂਡ ਅਤੇ ਇੱਕ ਇੱਕ ਪੈਨੀ ਨੂੰ ਵਿਅਰਥ ਨਹੀਂ ਜਾਣ ਦਿੱਤਾ ਸਗੋਂ ਘੱਟ ਲਾਗਤ ਨਾਲ ਸੰਗਤਾਂ ਦੇ ਕਾਰਜ ਕਰਕੇ ਜਿਵੇਂ ਵਿਆਹ, ਅਖੰਡ ਪਾਠ ਆਦਿ ਕਰਕੇ ਵੀ ਵੱਧ ਬੱਚਤ ਕਰਕੇ ਵਿਖਾਈ ਹੈ। ਗੋਲਕ ਦੀ ਮਾਇਆ ਗਿਣਨ ਵੇਲੇ ਪਰਚੀ ਕੱਟਣੀ ਅਤੇ ਮੌਜੂਦ ਸੰਗਤਾਂ ਦੇ ਸਾਇਨ ਕਰਵਾਉਣੇ, ਪਿੰਗਲਵਾੜਾ ਨੂੰ ਵੀ 18 ਲੱਖ ਰੁਪਈਆ ਮਾਇਆ ਭੇਜੀ ਗਈ ਹੈ ਅਤੇ ਪਹਿਲਾਂ ਕਿੰਨੀ ਭੇਜੀ ਜਾਂਦੀ ਸੀ ਤੁਸੀਂ ਆਪ ਅੰਦਾਜ਼ਾ ਲਗਾ ਸਕਦੇ ਹੋ ਕਿ ਸਭਾ ਦੀ ਮੌਜੂਦਾ ਪ੍ਰਬੰਧਕ ਕਮੇਟੀ ਨੇ ਸਭਾ ਲਈ ਭਲਾਈ ਲਈ ਕੀ ਕੁਝ ਕੀਤਾ ਹੈ।

10) ਸਿੰਘ ਅਤੇ ਕੌਰ ਦਾ ਮਸਲਾ ਹੱਲ ਕਰਕੇ ਹਰ ਭਾਈਚਾਰੇ ਨਾਲ ਸਬੰਧ ਗੂੜੇ ਕੀਤੇ ਹਨ ਤਾਂ ਕਿ ਇੱਕ ਦੂਸਰੇ ਧਰਮ ਦੇ ਨਿਜੀ ਕਾਰਜ਼ਾ ਵਿੱਚ ਕੋਈ ਦਖਲ਼ ਅੰਦਾਜ਼ੀ ਨਾ ਕਰ ਸਕੇ ਅਤੇ ਕਿਸੇ ਤਰ੍ਹਾਂ ਦਾ ਆਪਸੀ ਟਕਰਾਅ ਨਾ ਹੋਵੇ ਸਗੋਂ ਆਪਸੀ ਪਿਆਰ ਹੋਰ ਵਧੇ। ਦੂਜਾ ਗੁਰੂ ਸਾਹਿਬ ਵੱਲੋਂ ਦਿੱਤੇ ਇਸ ਨਾਮ ਪ੍ਰਤੀ ਨੌਜਵਾਨ ਪੀੜੀ ਵਿੱਚ ਜਾਗਰੂਕਤਾ ਆਈ ਹੈ, ਨਹੀਂ ਤਾਂ ਵੇਖੋ ਵੇਖੀ ਸਿੱਖ ਕੌਮ ਆਪਣੇ ਨਾਵਾਂ ਨਾਲੋਂ ਸਿੰਘ ਅਤੇ ਕੌਰ ਨੂੰ ਛੱਡਦੀ ਜਾ ਰਹੀ ਸੀ।

ਉਪਰ ਦਿੱਤੇ ਕਾਰਜ ਕਮੇਟੀ ਵੱਲੋਂ ਕੀਤਾ ਗਿਆ ਨਮਾਣਾ ਜਿਹਾ ਯਤਨ ਹੈ, ਅਜੇ ਸਭਾ ਦੇ ਸੁਧਾਰ ਲਈ ਹੋਰ ਬੜਾ ਕੁਝ ਕਰਨ ਦੀ ਲੋੜ ਹੈ, ਜਿਸ ਲਈ ਤੁਹਾਡੇ ਕੀਮਤੀ ਸੁਝਾਅ ਅਤੇ ਮਦਦ ਦੀ ਲੋੜ ਹੈ। ਜੇ ਤੁਸੀਂ ਚਾਹੁੰਦੇ ਹੋ ਕਿ ਸਭਾ ਦਾ ਪ੍ਰਬੰਧ ਅਜੇਹੇ ਗੁਰਸਿੱਖਾਂ ਦੇ ਹੱਥ ਹੀ ਰਹੇ ਜੋ ਸਭਾ ਦੇ ਹਿੱਤ ਲਈ ਥੋੜੇ ਸਮੇਂ ਵਿੱਚ ਵੱਧ ਕੰਮ ਕਰ ਗਏ ਹਨ, ਤਾਂ ਇੱਕ ਵਾਰ ਫਿਰ ਸਭਾ ਦੀ ਸੇਵਾ ਸੁਚੱਜੇ ਹੱਥ ਵਿੱਚ ਦੇਣ ਲਈ ਵੱਧ ਤੋਂ ਵੱਧ ਸਭਾ ਦੇ ਮੈਂਬਰ ਬਣੋ ਅਤੇ ਸੇਵਾ ਦਾ ਮੁੜ ਮੌਕਾ ਮੌਜੂਦਾ ਪ੍ਰਬੰਧਕਾਂ ਨੂੰ ਦੇਵੋ। ਗੁਮੰਰਾਹਕੁੰਨ ਪ੍ਰਚਾਰ ਤੋਂ ਸਾਵਧਾਨ ਰਹਿ ਕੇ ਖੁਦ ਵੇਖੋ ਕਿ ਕਿਸ ਕਮੇਟੀ ਨੇ ਕਿੰਨ੍ਹੇ ਸਮੇਂ ਵਿੱਚ ਅਤੇ ਕੀ ਕੁਝ ਕੀਤਾ ਹੈ। ਫੈਸਲਾ ਤੁਹਾਡੇ ਹੱਥ ਵਿੱਚ ਹੈ।

**ਬੇਨਤੀ ਕਰਤਾ ਪੰਥ ਦੇ ਦਾਸ : ਸਮੂਹ ਪ੍ਰਬੰਧਕ ਕਮੇਟੀ ਮੈਂਬਰ ਅਤੇ ਸਹਿਯੋਗੀ ਸੇਵਾਦਾਰ**

ਸੇਵਾਦਾਰ ਗੁਰਮੇਲ ਸਿੰਘ ਮੱਲ੍ਹੀ (ਗਰੁੱਪ ਲੀਡਰ) : 07947 647 440 – ਪ੍ਰਧਾਨ ਦੀਦਾਰ ਸਿੰਘ ਰੰਧਾਵਾਂ : 07904 422 188

***E_mail : gmalhi02p@gmail.com***

***Mambership @ SGSS Heavlock Road, Southall until 4 August 2010***

***Monday to Friday 10:00AM to 1:00PM & 3:00PM To 7:00PM***

***Saturday & Sunday 1:00PM to 8:00PM***

***PLESE BRING YOUR PASSPORT & UTIBILTY BILL***